**GOVERNMENT OF PUNJAB**
**DEPARTMENT OF HOUSING AND URBAN DEVELOPMENT**
**(HOUSING -1 BRANCH)**
**NOTIFICATION**

Notification No:H-U-H1/1/2026-6H1/I/906. Date: 15/04/2026.

Whereas, with a view to promote the Mega Housing Development Schemes in the Sate of Punjab, Department of Housing and Urban Development, Punjab through its Special Development Authority (GMADA, SAS Nagar) entered into agreement with M/s Landchester Infrastructure Associates, Sahibzada Ajit Singh Nagar.

Whereas it appears to the Governor of Punjab that the land of revenue rasta falling in the approved Industrial Park, namely Aero Bussiness Park of M/s Landchester Infrastructure Associates, Sahibzada Ajit Singh Nagar is required to be taken by the State Government at the expenses of the Company, for the public purpose viz the planned, harmonious & compact urban development of the area in accordance with the duly notified Master Plan of S.A.S Nagar. So, it is hereby notified that the land described in the specification given below is likely to be needed for the aforesaid purpose by GMADA to acquire land of revenue rasta falling in duly approved Industrial Park namely, Aero Business Park of M/s Landchester Infrastructure Associates, Sahibzada Ajit Singh Nagar as per approved Master Plan No. 6501 CTP (PB)CI-02, dated 26.10.2021 in the area of Tehsil-Mohal, District Sahibzada Ajit Singh Nagar.

This notification is made under the provisions of Section-11 "The Right to Fair Compensation and Transparency in Land Acquisition Rehabilitation and Resettlement Act 2013 to all whom it may concern. It is to be noted that Social Impact Assessment (SIA) of the proposed acquisition to acquire land for revenue rasta falling in duly approved Industrial Park namely, Aero Business Park of M/s Landchester Infrastructure Associates, Sahibzada Ajit Singh Nagar in village Manakpur Kallar (1.0875 acres) in Tehsil Mohali, District Sahibzada Ajit Singh Nagar has been carried out as per Section 4 of the Act ibid. The Social Impact Assessment (SIA) ascertains that very few persons are likely to be displaced. There is no major direct impact identified during Social Impact Assessment (SIA). The SIA has been disclosed to the people and their representative as per Section 6 of The Right to Fair Compensation and Transparency in Land Acquisition Rehabilitation and Resettlement Act 2013. Government of Punjab has notified Additional Deputy Commissioner (General) Mohali, as Administrator of the above said project.

In exercise of the powers conferred by the aforesaid Section, the Governor of Punjab is pleased to authorize the officers for the time being engaged in the undertaking, along with their servants and workmen, to enter upon and survey the land in the said locality and do all other acts required or permitted by Section 12 of "The Right to Fair Compensation and Transparency in Land Acquisition Rehabilitation and Resettlement Act 2013".

Any person interested in, and having any objection to the acquisition of land in the said locality may, within sixty days from the date of publication of this notification, file an objection in writing pertaining to (a) area and suitability of the land proposed to be acquired (b) justification offered for public purpose and (c) the findings of the Social Impact Assessment report before the Land Acquisition Collector, Urban Development, Ground Floor, PUDA Bhawan, Sector-62, Sahibzada Ajit Singh Nagar.



Scanned with OKEN Scanner

No person, without the prior approval of Land Acquisition Collector, shall make any transaction or cause any transaction of land specified in this notification or create any encumbrances on such land from the date of publication of this notification till such times as the proceedings regarding acquisition are completed.

The Plan of the land may be inspected in the office of the Land Acquisition Collector, Urban Development, Ground Floor, PUDA Bhawan, Sector-62, Sahibzada Ajit Singh Nagar.

**Detail of the land is as under:-**

| Specification of Locality | | | | | | | |
|---|---|---|---|---|---|---|---|
| District | Tehsil | Village | Hadbast No. | Khasra No. | Area to be acquired K-M | | |
| SahibzadaAjit Singh Nagar | Mohali | Manakpur Kallar | 277 | 1//25/1/2 | 0 | - | 6 |
| | | | | 10//9/2 | 0 | - | 15 |
| | | | | 10//12/1 | 0 | - | 0 |
| | | | | 51 | 4 | - | 0 |
| | | | | 146 | 2 | - | 16 |
| | | | | 147 | 0 | - | 10 |
| | | | | 162 | 0 | - | 7 |
| | | | | Total | 8 | - | 14 |

| Summary of Land Area | | | |
|---|---|---|---|
| Sr. No. | Village Name | Area | |
| | | K-M | (in acres) |
| 1 | Manakpur Kallar | 8-14 | 1.0875 |
| | Total | | 1.0875 |

Place:- Chandigarh
Dated:-13.04.2026

Vikas Garg, I.A.S
Principal Secretary to Govt. of Pb.
Department of Housing and Urban Development

Endst No. H-U-H1/1/2026-6H1/I/707 Dated: 15/4/2026

A copy is forwarded to the Controller, Printing & Stationary, Punjab, Sahibzada Ajit Singh Nagar with a request to publish this notification in the Punjab Govt. Gazette (Extra Ordinary).

Additional Secretary



Scanned with OKEN Scanner

ਪੰਜਾਬ ਸਰਕਾਰ
ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ
(ਮਕਾਨ ਉਸਾਰੀ-1ਸ਼ਾਖਾ)

## ਅਧਿਸੂਚਨਾਂ

ਨੋਟੀਫਿਕੇਸ਼ਨ ਨੰ: H-U-H1/1/2026-6H1/I/706 ਮਿਤੀ:15/4/2026

ਜਿਵੇਂਕਿ ਵਿਭਾਗ ਦੇ ਪ੍ਰਬੰਧਕੀ ਕੰਟਰੋਲ ਅਧੀਨ ਆਉਂਦੀ ਵਿਸ਼ੇਸ਼ ਵਿਕਾਸ ਅਥਾਰਟੀ-ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਨੂੰ ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਯੋਜਨਾਬੱਧ ਢੰਗ ਨਾਲ ਵਿਕਾਸ ਦਾ ਕਾਰਜ ਸੌਂਪਿਆ ਗਿਆ ਹੈ ਅਤੇ ਪੰਜਾਬ ਰਾਜ ਵਿੱਚ ਮੈਗਾ ਹਾਊਸਿੰਗ ਡਿਵੈਲਪਮੈਂਟ ਸਕੀਮਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਤਹਿਤ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਰਾਹੀਂ ਮੈਸਰਜ਼ ਲੈਂਡਚੈਸਟਰ ਇਨਫਰਾਸਟਰੱਕਚਰ ਐਸੋਸੀਏਟਸ, ਸਾਹਿਬਜਾਦਾ ਅਜੀਤ ਸਿੰਘ ਨਗਰ ਨਾਲ ਸਮਝੌਤਾ ਕੀਤਾ ਗਿਆ ਹੈ।

ਜਿਵੇਂ ਕਿ ਪੰਜਾਬ ਦੇ ਰਾਜਪਾਲ ਜੀ ਵੱਲੋਂ ਇਹ ਮਹਿਸੂਸ ਕੀਤਾ ਗਿਆ ਹੈ ਕਿ ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਮੈਸਰਜ਼ ਲੈਂਡਚੈਸਟਰ ਇਨਫਰਾਸਟਰੱਕਚਰ ਐਸੋਸੀਏਟਸ ਦੇ ਏਰੋ ਬਿਜ਼ਨਸ ਪਾਰਕ ਨਾਮਕ ਇੰਡਸਟ੍ਰੀਅਲ ਪਾਰਕ ਵਿੱਚ ਪੈਂਦੇ ਰੈਵੀਨਿਊ ਰਸਤੇ ਨੂੰ ਐਸ.ਏ.ਐਸ. ਨਗਰ ਦੇ ਨੋਟੀਫਾਈਡ ਮਾਸਟਰ ਪਲੈਨ ਅਨੁਸਾਰ ਰਾਜ ਸਰਕਾਰ ਵੱਲੋਂ ਜਨਤਕ ਮੰਤਵ ਜਿਵੇਂ ਕਿ ਖੇਤਰ ਦੇ ਯੋਜਨਾਬੱਧ, ਸਦਭਾਵਨਾਪੂਰਨ ਅਤੇ ਸੰਖੇਪ ਸ਼ਹਿਰੀ ਵਿਕਾਸ ਆਦਿ ਕਾਰਜਾ ਲਈ ਕੰਪਨੀ ਦੇ ਖਰਚੇ ਤੇ ਐਕੁਆਇਰ ਕੀਤਾ ਜਾਣਾ ਲੋੜੀਂਦਾ ਹੈ। ਇਸ ਲਈ ਇਹ ਨੋਟੀਫਾਈ ਕੀਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਗਈ ਜਮੀਨ ਉਪਰੋਕਤ ਉਦੇਸ਼ ਤਹਿਤ ਲੋੜੀਂਦੀ ਹੈ ਅਤੇ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਵੱਲੋਂ ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਮੈਸਰਜ਼ ਲੈਂਡਚੈਸਟਰ ਇਨਫਰਾਸਟਰੱਕਚਰ ਐਸੋਸੀਏਟਸ ਦੇ ਏਰੋ ਬਿਜ਼ਨਸ ਪਾਰਕ ਨਾਮਕ ਇੰਡਸਟਰੀਅਲ ਪਾਰਕ ਵਿੱਚ ਪੈਂਦੇ ਰੈਵੀਨਿਊ ਰਸਤੇ ਨੂੰ ਜਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਪ੍ਰਵਾਨਤ ਲੇ-ਆਊਟ ਪਲੈਨ ਨੰਬਰ 6501 ਸੀ.ਟੀ.ਪੀ. (ਪੀ.ਬੀ.) ਸੀ.ਆਈ.-02 ਮਿਤੀ 26.10.2021 ਐਕੁਆਇੰਰ ਕੀਤਾ ਜਾਣਾ ਹੈ।

ਇਹ ਨੋਟੀਫਿਕੇਸ਼ਨ *"ਰਾਈਟ ਟੂ ਫੇਅਰ ਕੰਪਨਸੇਸ਼ਨ ਅਤੇ ਟਰਾਂਸਪੇਰੈਂਸੀ ਇੰਨ ਲੈਂਡ ਐਕੂਜੇਸ਼ਨ, ਰੀਹੈਬਲੀਟੇਸ਼ਨ, ਰੀਸੈਟਲਮੈਂਟ ਐਕਟ 2013"* ਦੀ ਧਾਰਾ 11 ਤਹਿਤ ਉਹਨਾਂ ਲਈ ਤਿਆਰ ਕੀਤੀ ਗਈ ਹੈ, ਜੋ ਇਸ ਨਾਲ ਸਬੰਧ ਰੱਖਦੇ ਹਨ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਤਜਵੀਜਤ ਐਸ.ਏ.ਐਸ. ਨਗਰ ਦੇ ਮਾਸਟਰ ਪਲੈਨ ਅਨੁਸਾਰ ਮੈਸ: ਲੈਂਡਚੈਸਟਰ ਇਨਫਰਾਸਟਰੱਕਚਰ ਐਸੋਸੀਏਟਸ ਦੇ ਏਰੋ ਬਿਜ਼ਨਸ ਪਾਰਕ ਨਾਮਕ ਇੰਡਸਟਰੀਅਲ ਪਾਰਕ ਵਿੱਚ ਪੈਂਦੇ ਰੈਵੀਨਿਊ ਰਸਤੇ ਜੋ ਕਿ ਪਿੰਡ ਮਾਣਕਪੁਰ ਕੱਲਰ (1.0875 ਏਕੜ) ਤਹਿਸੀਲ ਮੋਹਾਲੀ ਜਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ ਦੀ ਭੌਂ ਪ੍ਰਾਪਤ ਕਰਨ ਦੀ ਤਜਵੀਜ਼ ਹੈ, ਦੀ ਉਕਤ ਐਕਟ ਦੀ ਧਾਰਾ 4 ਤਹਿਤ ਸਮਾਜਿਕ ਪ੍ਰਭਾਵ ਮੂਲਾਂਕਣ (ਐਸ.ਆਈ.ਏ) ਵੀ ਕੀਤਾ ਗਿਆ ਹੈ। ਇਸ ਸਮਾਜਿਕ ਪ੍ਰਭਾਵ ਮੂਲਾਂਕਣ (ਐਸ.ਆਈ.ਏ.) ਰਿਪੋਰਟ ਅਨੁਸਾਰ ਇਹ ਸਾਹਮਣੇ ਆਇਆ ਹੈ ਕਿ ਇਸ ਭੌਂ ਪ੍ਰਾਪਤੀ ਨਾਲ ਲੋਕਾਂ ਦਾ ਜ਼ਿਆਦਾ ਉਜਾੜਾ (ਡਿਸਪਲੇਸਮੈਂਟ) ਨਹੀਂ ਹੈ ਅਤੇ ਉਹਨਾਂ ਦੀ ਰੋਜੀ-ਰੋਟੀ ਦਾ ਨੁਕਸਾਨ ਵੀ ਬਹੁਤ ਘੱਟ ਹੈ। ਇਹ ਸਮਾਜਿਕ ਪ੍ਰਭਾਵ ਮੂਲਾਂਕਣ (ਐਸ.ਆਈ.ਏ.) ਰਿਪੋਰਟ ਅਨੁਸਾਰ ਭੌਂ ਮਾਲਕਾਂ ਤੇ ਕੋਈ ਜਿਆਦਾ ਸਿੱਧਾ ਪ੍ਰਭਾਵ ਨਹੀਂ ਪੈਂਦਾ ਹੈ। ਇਹ ਸਮਾਜਿਕ ਪ੍ਰਭਾਵ ਮੂਲਾਂਕਣ (ਐਸ.ਆਈ.ਏ.) ਰਿਪੋਰਟ ਲੋਕਾਂ ਦੇ ਅਤੇ ਉਹਨਾਂ ਦੇ ਪ੍ਰਤੀਨਿਧੀਆਂ ਦੇ ਧਿਆਨ ਵਿੱਚ "ਰਾਈਟ ਟੂ ਫੇਅਰ ਕੰਪਨਸੇਸ਼ਨ ਅਤੇ ਟਰਾਂਸਪੇਰੈਂਸੀ ਇੰਨ ਲੈਂਡ ਐਕੂਜੇਸ਼ਨ,



Scanned with OKEN Scanner

ਰੀਹੈਬਲੀਟੇਸ਼ਨ, ਰੀਸੈਟਲਮੈਂਟ ਐਕਟ 2013" ਦੀ ਧਾਰਾ 6 ਅਨੁਸਾਰ ਲਿਆ ਦਿੱਤੀ ਗਈ ਹੈ। ਸਰਕਾਰ ਵੱਲੋਂ ਵਧੀਕ ਡਿਪਟੀ ਕਮਿਸ਼ਨਰ (ਜਨਰਲ), ਮੋਹਾਲੀ ਨੂੰ ਇਸ ਪ੍ਰੋਜੈਕਟ ਦਾ ਬਤੌਰ ਐਡਮਿਨਸਟ੍ਰੇਟਰ ਨਿਯੁਕਤ ਕੀਤਾ ਗਿਆ ਹੈ।

ਉਪਰੋਕਤ ਐਕਟ ਦੁਆਰਾ ਦਿੱਤੀਆਂ ਗਈਆਂ ਸ਼ਕਤੀਆਂ ਦੀਆਂ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਆਪਣੇ ਅਧੀਨ ਕੰਮ ਕਰਦੇ ਅਧਿਕਾਰੀਆਂ ਨੂੰ ਕੁੱਝ ਸਮੇਂ ਲਈ ਇਹ ਅਧਿਕਾਰ ਦਿੰਦੇ ਹਨ, ਕਿ ਉਹ ਉਕਤ ਜਮੀਨ ਦਾ ਜਾਇਜ਼ਾ ਲੈਣ ਅਤੇ ਹੋਰ ਸਾਰੇ ਕੰਮ ਜੋ ਉਕਤ "ਰਾਈਟ ਟੂ ਫੇਅਰ ਕੰਪਨਸੇਸ਼ਨ ਅਤੇ ਟਰਾਂਸਪੇਰੈਂਸੀ ਇੰਨ ਲੈਂਡ ਐਕੂਜੇਸ਼ਨ, ਰੀਹੈਬਲੀਟੇਸ਼ਨ, ਰੀਸੈਟਲਮੈਂਟ ਐਕਟ 2013 ਦੀ ਧਾਰਾ 12 ਤਹਿਤ ਹਨ, ਕਰ ਸਕਦੇ ਹਨ।

ਉਕਤ ਖੇਤਰ ਵਿੱਚ ਪੈਂਦੀ ਜਮੀਨ ਤੇ ਦਿਲਚਸਪੀ ਰੱਖਣ ਵਾਲਾ ਕੋਈ ਵੀ ਵਿਅਕਤੀ ਇਸ ਨੋਟੀਫਿਕੇਸ਼ਨ ਦੇ ਜਾਰੀ ਹੋਣ ਤੋਂ 60 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਲਿਖਤੀ ਰੂਪ ਵਿੱਚ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ, ਗਰਾਊਂਡ ਫਲੋਰ, ਪੁੱਡਾ ਭਵਨ (ਸੈਕਟਰ-62) ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਦਾਇਰ ਕਰ ਸਕਦਾ ਹੈ, ਜਿਸ ਵਿੱਚ ਉਹ (ੳ) ਐਕਵਾਇਰ ਕੀਤੀ ਜਾਣ ਵਾਲੀ ਜਮੀਨ ਦਾ ਏਰੀਆ/ਅਨੁਕੂਲਤਾ, (ਅ) ਜਨਤਕ-ਮੰਤਵ ਦੇ ਉਦੇਸ਼ ਲਈ ਜਾਇਜ਼ ਠਹਿਰਾਉਣਾ (ੲ) ਸਮਾਜਿਕ ਪ੍ਰਭਾਵ ਮੁਲਾਂਕਣ (ਐਸ.ਆਈ.ਏ.) ਦੀ ਰਿਪੋਰਟ ਦੀ ਖੋਜ਼ ਨਾਲ ਸਬੰਧਤ ਹੈ, ਦਾਇਰ ਕਰ ਸਕਦਾ ਹੈ।

ਕੋਈ ਵੀ ਵਿਅਕਤੀ ਕੁਲੈਕਟਰ ਦੀ ਆਗਿਆ ਤੋਂ ਬਿਨ੍ਹਾਂ ਇਸ ਨੋਟੀਫਿਕੇਸ਼ਨ ਵਿੱਚ ਨਿਰਧਾਰਿਤ ਜਮੀਨ ਦਾ ਲੈਣ-ਦੇਣ ਨਹੀਂ ਕਰੇਗਾ, ਜਾਂ ਇਸ ਨੋਟੀਫਿਕੇਸ਼ਨ ਦੇ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ ਉਸ ਸਮੇਂ ਤੱਕ ਜੱਦੋਂ ਤੱਕ ਐਕਵਾਇਰ ਸਬੰਧੀ ਕਾਰਵਾਈ ਮੁਕੰਮਲ ਨਹੀਂ ਹੋ ਜਾਂਦੀ, ਇਸ ਭੌਂ ਤੇ ਕੋਈ ਵੀ ਭਾਰ ਨਹੀਂ ਰੱਖੇਗਾ।

ਇਸ ਜਮੀਨ ਦਾ ਨਕਸ਼ਾ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ, ਗਰਾਊਂਡ ਫਲੋਰ, ਪੁੱਡਾ ਭਵਨ (ਸੈਕਟਰ-62), ਸਾਹਿਬਜਾਦਾ ਅਜੀਤ ਸਿੰਘ ਨਗਰ ਵਿੱਚ ਵੇਖਿਆ ਜਾ ਸਕਦਾ ਹੈ।

**ਪ੍ਰਾਪਤ ਕੀਤੀ ਜਾਣ ਵਾਲੀ ਭੌਂ ਦਾ ਵੇਰਵਾ**

| ਜਿਲ੍ਹਾ | ਤਹਿਸੀਲ | ਪਿੰਡ | ਹਦਬਸਤ ਨੰ. | ਖਸਰਾ ਨੰ. | ਐਕੁਆਇਰ ਕੀਤਾ ਜਾਣ ਵਾਲਾ ਰਕਬਾ | | |
|---|---|---|---|---|---|---|---|
| | | | | | ਕਨਾਲ | - | ਮਰਲਾ |
| 1 | 2 | 3 | 4 | 5 | 6 | | |
| ਸਾਹਿਬਜਾਦਾ ਅਜੀਤ ਸਿੰਘ ਨਗਰ | ਮੋਹਾਲੀ | ਮਾਣਕਪੁਰ ਕੱਲਰ | 277 | 1//25/1/2 | 0 | - | 6 |
| | | | | 10//9/2 | 0 | - | 15 |
| | | | | 10//12/1 | 0 | - | 0 |
| | | | | 51 | 4 | - | 0 |
| | | | | 146 | 2 | - | 16 |
| | | | | 147 | 0 | - | 10 |
| | | | | 162 | 0 | - | 7 |
| | | | | ਕੁੱਲ | 8 | - | 14 |

Scanned with OKEN Scanner

| ਭੌਂ ਦਾ ਵੇਰਵਾ | | | |
|---|---|---|---|
| ਲੜੀ ਨੰ: | ਪਿੰਡ ਦਾ ਨਾਮ | ਰਕਬਾ | |
| | | ਕਨਾਲ-ਮਰਲੇ | ਰਕਬਾ ਏਕੜ ਵਿੱਚ |
| 1. | ਮਾਣਕਪੁਰ ਕੱਲਰ | 8-14 | 1.0875 |
| ਕੁੱਲ ਰਕਬਾ | | | 1.0875 |

ਸਥਾਨ ਚੰਡੀਗੜ੍ਹ
ਮਿਤੀ: 13.04.2026

ਵਿਕਾਸ ਗਰਗ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ

ਪਿੱਠਅੰਕਣ ਨੰ:H-U-H1/1/2026-6H1/ I/707 ਮਿਤੀ: 15/4/2026.

ਉਪਰੋਕਤ ਦਾ ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ, ਪੰਜਾਬ ਨੂੰ ਭੇਜਦੇ ਹੋਏ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਗਜ਼ਟ (ਅਸਾਧਾਰਣ) ਵਿੱਚ ਛੱਪਣ ਦੀ ਬੇਨਤੀ ਕੀਤੀ ਜਾਂਦੀ ਹੈ।

ਵਧੀਕ ਸਕੱਤਰ

Scanned with OKEN Scanner